# ਪੂਰਬ ਕਰਮ ਅੰਕੁਰ ਜਬ ਪ੍ਰਗਟੇ

## ਗਉੜੀ ਮਹਲਾ ੫ ॥

**ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥**
**ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥੧॥ਰਹਾਉ॥**

ਪੰਜਵੇਂ ਪਾਤਸ਼ਾਹ ਨੇ ਇਹ ਸ਼ਬਦ ਗਉੜੀ ਰਾਗ ਵਿਚ ਉਚਾਰਣ ਕੀਤਾ ਹੈ, ਜੋ ਅੰਕ ੨੦੪ ਤੇ ਅੰਕਤ ਹੈ।

– – ਸਤਿਗੁਰੂ ਜੀ ਫ਼ੁਰਮਾਣ ਕਰਦੇ ਹਨ ਕਿ ਮੈਨੂੰ ਪ੍ਰਭੂ ਨਾਲ ਅਜਿਹੀ ਪ੍ਰੀਤ ਲਗ ਗਈ ਹੈ ਕਿ ਮੈਂ ਉਸ ਨੂੰ ਮਿਲਣ ਲਈ ਤੀਬਰ ਇਛਾ ਪੈਦਾ ਹੋ ਗਈ ਹੈ।

ਪਾਤਸ਼ਾਹ, ਸੁਖਮਨੀ ਸਾਹਿਬ ਵਿਚ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ, ਅਭਿਲਾਖਾ, ਕਿਸੇ ਵਿਰਲੇ ਜਨ ਨੂੰ ਹੀ ਲਗਦੀ ਹੈ। ਗੁਰੂ ਸਾਹਿਬ ਉਸ ਜਨ ਦੀ ਇਥੋਂ ਤਕ ਵਡਿਆਈ ਕਰਦੇ ਹਨ ਕਿ ਉਹ ਅਜਿਹੇ ਜਨ ਤੋਂ ਵਾਰ ਵਾਰ ਸਦਕੇ, ਬਲਿਹਾਰ ਜਾਂਦੇ ਹਨ – 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥', ਪੰਨਾ ੨੬੬.

– – ਹੁਣ ਇਸ ਕੰਮ ਨੂੰ ਪੂਰਾ ਕਰਨ ਲਈ ਜੇ ਮੈਨੂੰ ਕੋਈ ਸੰਤ ਮਿਲ ਪਏ ਤਾਂ ਮੈਂ ਉਸਦੇ ਚਰਣਾਂ ਨਾਲ ਲਗ ਜਾਵਾਂ ਅਤੇ ਬੇਨਤੀ ਕਰਾਂ ਕਿ ਉਹ ਮੈਨੂੰ ਪ੍ਰਭੂ ਨਾਲ ਮਿਲਾ ਦਏ।੧।ਰਹਾਉ।

ਅਜਿਹਾ ਹੀ ਵਲਵਲਾ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ, ਸਿਰੀ ਰਾਗ ਵਿਚ ਹੈ ਕਿ ਨਿਤ ਮੇਰੀ ਨਿਗਾਹ ਉਸ ਰਸਤੇ ਤੇ ਹੈ ਕਿ ਕੋਈ ਅਜਿਹਾ ਜਨ ਆਵੇ, ਜਿਸ ਨੇ ਪ੍ਰਭੂ ਨਾਲ ਮਿਲਾਪ ਦੀ ਅਵੱਸਥਾ ਹਾਸਲ ਕੀਤੀ ਹੈ, ਉਸ ਦਾ ਪ੍ਰੇਮ ਮਾਣਿਆ ਹੈ, ਤੇ ਉਸ ਜਨ ਦੇ ਮੈਂ ਪਿਛੇ ਪਿਛੇ ਚਲਾਂ, ਉਸ ਦੇ ਮੈਂ ਤਰਲੇ ਮਿੰਨਤਾਂ ਜੋਦੜੀ ਕਰਾਂ ਕਿ ਮੈਨੂੰ ਪ੍ਰਭੂ ਮਿਲਣ ਦਾ ਚਾਅ ਹੈ। ਉਹ ਮੈਨੂੰ ਪ੍ਰਭੂ ਪ੍ਰੀਤਮ ਬਾਰੇ ਦਸ ਪਾਏ ਤਾਂ ਕਿ ਮੈਂ ਉਸ ਰਾਹੀਂ ਉਸ ਪ੍ਰਭੂ ਤਕ ਅਪੜ ਸਕਾਂ – 'ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥ ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ॥ ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ॥', ਪੰਨਾ ੪੧. ਹੋਰ ਬੇਨਤੀ ਕੀਤੀ ਹੈ ਕਿ ਮੈਨੂੰ ਹਰੀ ਦਾ ਜਨ, ਸੰਤ ਮਿਲ ਪਏ, ਕਿਉਂਕਿ ਮੈਨੂੰ ਹਰੀ ਪ੍ਰਭੂ ਦੇ ਦਰਸ਼ਨ ਦੀ ਭੁਖ ਲਗ ਗਈ ਹੈ ਤੇ ਉਹ ਹੀ ਮੈਨੂੰ ਪ੍ਰਭੂ ਨਾਲ ਮਿਲਾ ਸਕਦੇ ਹਨ – 'ਹਰਿ ਜਨ ਸੰਤ ਮਿਲਹੁ ਮੇਰੇ ਭਾਈ॥ ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ॥', ਪੰਨਾ ੯੫. ਇਸੇ ਪੰਨੇ ਤੇ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਸੰਤ ਮਿਲ ਪੈਣ ਅਤੇ ਮੈਂ ਉਨ੍ਹਾਂ ਦੇ ਗਲ ਮਿਲਾਂ, ਮੈਂ ਉਨ੍ਹਾਂ ਨੂੰ ਆਪਣਾ ਮਨ ਸੌਂਪ ਦਿਆਂ ਜੋ ਮੈਨੂੰ ਮੇਰੇ ਪ੍ਰੀਤਮ ਦੀਆਂ ਬਾਤਾਂ ਸੁਣਾਏ, ਜਿਸਦੇ ਮੁਖ ਵਿਚੋਂ ਮੈਨੂੰ, ਗੁਰੂ ਦੇ ਬਚਨ ਸੁਣਨ ਨੂੰ ਮਿਲਣ – 'ਆਵਹੁ ਸੰਤ ਮੈ ਗਲਿ ਮੇਲਾਈਐ॥ ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ॥ ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰ ਬਾਣੀ ਮੁਖਿ ਚਉਦਾ ਜੀਉ॥' ਹੋਰ ਬੇਨਤੀ ਰੂਪ ਫ਼ੁਰਮਾਣ ਹੈ ਕਿ ਹੇ ਹਰੀ ਪ੍ਰਭੂ ਦੇ ਸੰਤ ਜਨੋ ! ਮੇਰਾ ਸੁੰਦਰ ਹਰੀ ਪ੍ਰਭੂ ਕਿਹੜੀ ਗਲੀ ਵਿਚ, ਕੂਚੇ ਵਿਚ ਮਿਲੇਗਾ, ਕਿਰਪਾ ਕਰਕੇ ਮੈਨੂੰ ਮਾਰਗ ਦਸੋ, ਮੈਂ ਤੁਹਾਡੇ ਪਿਛੇ ਪਿਛੇ ਲਗ ਤੁਰਾਂਗੀ – 'ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ ਹਰਿ ਕੇ ਸੰਤ

ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥', ਪੰਨਾ ੫੨੭. ਪੰਜਵੇਂ ਪਾਤਸ਼ਾਹ ਦੇ ਬਚਨ ਹਨ ਕਿ ਮੇਰਾ ਮਨ ਹਰੀ ਪ੍ਰਭੂ ਦੇ ਦਰਸ਼ਨ ਕਰਨ ਖਾਤਰ ਉਸ ਨੂੰ ਸਿਮਰਦਾ ਹੈ। ਉਸ ਦੇ ਦਰਸ਼ਨਾਂ ਦੀ ਆਸ ਵਿਚ ਦਿਨ ਰਾਤ ਉਸ ਨੂੰ ਚਿਤਵੱਦਾ ਹੈ, ਉਸ ਦਾ ਸਿਮਰਨ ਕਰਦਾ ਹੈ, ਕਾਸ਼ ! ਕੋਈ ਗੁਰੂ ਦਾ ਪਿਆਰਾ ਭਗਤ, ਸੰਤ ਮਿਲ ਪਏ ਤੇ ਮੈਨੂੰ ਨੇੜੇ ਦੇ ਰਸਤਿਉਂ, ਭਾਵ ਸੁਖਾਵੇਂ ਹੀ ਉਸ ਨਾਲ ਮਿਲਾ ਦਏ - 'ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥ ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ॥', ਪੰਨਾ ੨੦੪. ਸੰਤਾਂ, ਭਗਤਾਂ ਦਾ ਕੰਮ ਹੁੰਦਾ ਹੈ ਵਾਹਗੁਰੂ ਦੇ ਮਿਲਾਪ ਦਾ ਸੌਖਾ ਤੇ ਨੇੜੇ ਦਾ ਮਾਰਗ ਦਿਖਾਣਾ। ਅਗੋਂ ਜੋਦੜੀ ਕਰਦੇ ਹਨ ਕਿ ਕੋਈ ਅਜਿਹਾ ਹੀ ਪ੍ਰਭੂ ਦਾ ਸੰਤ, ਭਗਤ, ਜਨ ਮੈਨੂੰ ਹਰੀ ਪ੍ਰਭੂ ਨਾਲ ਜੋੜ ਦਏ ਤਾਂ ਮੈਂ ਉਸ ਦੇ ਚਰਣ ਫ਼ੜ ਲਵਾਂ, ਆਪਣੀ ਰਸਨਾ ਨਾਲ ਉਸ ਦੀ ਸਿਫ਼ਤ ਸਲਾਹ ਕਰਾਂ ਅਤੇ ਉਸ ਤੋਂ ਆਪਣੇ ਪ੍ਰਾਣ ਵੀ ਵਾਰ ਦਿਆਂ - 'ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥', ਅੰਕ ੭੦੧.

ਭਾਵ, ਪ੍ਰਭੂ ਨੂੰ ਮਿਲਾਉਣ ਦਾ ਕੰਮ ਕਿਸੇ ਸੰਤ, ਸਾਧੂ, ਜਨ, ਮਹਾਂਪੁਰਖ ਰਾਹੀਂ ਹੀ ਪੂਰਾ ਹੋ ਸਕਦਾ ਹੈ। ਭਗਤ ਜਨ ਦੀ ਸੰਗਤਿ ਅਤੇ ਕਿਰਪਾ ਬਿਨਾਂ ਮਨੁਖ ਦੇ ਪਰਮ ਲਖ਼ਸ਼, ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

**ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥**

**ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥੧॥**

- - ਮਨ ਦੀ ਸਾਰੀ ਮੱਤ ਤਿਆਗ ਕੇ, ਭਾਵ ਸਾਰੀ ਸਿਆਣਪ ਨੂੰ ਪਾਸੇ ਰਖ ਕੇ ਮੈਂ ਆਪਣਾ ਮਨ ਅਤੇ ਧਨ, ਸਭ ਕੁਝ ਅਜਿਹੇ ਜਨ ਨੂੰ ਸੌਂਪ ਦਿਆਂ।

ਪਾਤਸ਼ਾਹ, ੨੫੬ ਪੰਨੇ ਤੇ, ਵੀ ਫ਼ੁਰਮਾਣ ਕਰਦੇ ਹਨ ਕਿ ਜੋ ਪ੍ਰਭੂ ਨੂੰ ਮਿਲਾਵੇ, ਉਸ ਨੂੰ ਆਪਣਾ ਤਨ, ਮਨ, ਧਨ ਅਰਪਣ ਕਰ ਦੇਣਾ ਬਣਦਾ ਹੈ - 'ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ॥' ਪਾਤਸ਼ਾਹ, ਪੰਨਾ ੩੯੧ ਤੇ, ਫ਼ੁਰਮਾਣ ਕਰਦੇ ਹਨ ਕਿ ਵਾਹਿਗੁਰੂ ਦੇ ਐਸੇ ਦਾਸ ਅਗੇ ਤਾਂ ਮੈਂ ਆਪਣੇ ਸਾਰੇ ਜਪ, ਤਪ, ਨੇਮ, ਧਰਮ ਕਰਮ ਅੱਗ ਦੇ ਅਰਪਣ ਕਰ ਦਿਆਂ, ਭਾਵ, ਉਸ ਜਨ ਦੀ ਸੰਗਤ ਤੇ ਸੇਵਾ ਇਨ੍ਹਾਂ ਸਭ ਤੋਂ ਉਤਮ ਹੈ। ਮੈਂ ਆਪਣੇ ਹੋਣ ਤਕ ਦਾ ਮਾਣ ਤਿਆਗ ਕੇ ਉਨ੍ਹਾਂ ਦੀ ਖ਼ਾਕ ਬਣ ਜਾਵਾਂ ਤਾਂ ਕਿ ਉਨ੍ਹਾਂ ਦੀ ਸੰਗਤਿ ਕਰਦੇ ਹੋਇ ਪ੍ਰਭੂ ਨੂੰ ਇਨ੍ਹਾਂ ਨੈਣਾਂ ਨਾਲ ਵੇਖ ਸਕਾਂ - 'ਜਾਪ ਤਾਪ ਦੇਵਉ ਸਭ ਨੇਮਾ॥ ਕਰਮ ਧਰਮ ਅਰਪਉ ਸਭ ਹੋਮਾ॥ ਗਰਬੁ ਮੋਹੁ ਤਜਿ ਹੋਵਉ ਰੇਨ॥ ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ॥'

- - ਇਤਨਾ ਹੀ ਨਹੀਂ, ਪ੍ਰਭੂ ਨੂੰ ਮਿਲਾਉਣ ਦੇ ਰਸਤੇ ਤੇ ਤੁਰਦਿਆਂ ਜੇ ਕੋਈ ਮੈਨੂੰ ਮੇਰੇ ਪ੍ਰੀਤਮ ਦੀਆਂ ਬਾਤਾਂ ਵੀ ਸੁਣਾਏ ਤਾਂ ਮੈਂ ਦੀਵਾਨਿਆਂ ਵਾਂਙ ਉਸਦੇ ਪਿਛੇ ਪਿਛੇ ਲਗੀ ਫ਼ਿਰਾਂ।੧।

ਇਹ ਕੰਮ ਭਗਤ, ਸੰਤ, ਜਨ ਕਰਦੇ ਹਨ। ਉਹ ਆਪਣੀ ਸੰਗਤਿ ਵਿਚ ਆਏ ਮਨੁਖ ਨੂੰ ਪ੍ਰਭੂ ਤੇ ਉਸ ਦੇ ਪਿਆਰਿਆਂ ਦੀਆਂ ਬਾਤਾਂ ਸੁਣਾ ਸੁਣਾ ਕੇ ਅਤੇ ਆਪਣੀ ਕਿਰਪਾ ਨਾਲ ਥੋੜਾ ਥੋੜਾ ਕਰ ਕੇ ਨਾਮ ਜਪਾਂਦਿਆਂ ਜਪਾਂਦਿਆਂ ਸਿਮਰਨ ਦਾ ਚਸਕਾ ਪਾ ਦਿੰਦੇ ਹਨ ਤੇ ਮਨੁਖ ਸਿਮਰਨ

ਕਰਨ ਦਾ ਆਦੀ, habitual, addicted, accustomed ਹੋ ਜਾਂਦਾ ਹੈ ਅਤੇ ਪ੍ਰਭੂ ਸਿਮਰਨ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ, ਜਾਂ ਇਉਂ ਕਹਿ ਲਈਏ ਕਿ ਗਿਝ ਜਾਂਦਾ ਹੈ - 'ਸੰਤਨ ਮੋ ਕਉ ਹਰਿ ਮਾਰਗਿ ਪਾਇਆ॥ ਸਾਧ ਕ੍ਰਿਪਾਲ ਹਰਿ ਸੰਗਿ ਗਿਝਾਇਆ॥', ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਮਨੁਖ ਵੀ ਪ੍ਰਭੂ ਦਾ ਭਗਤ ਹੋ ਨਿਬੜਦਾ ਹੈ ਅਤੇ ਸਚਾ ਗੁਰੂ ਉਸ ਨੂੰ ਆਪਣਾ 'ਸਬਦੁ' ਬਖਸ਼ ਦਿੰਦਾ ਹੈ, ਹਿਰਦੇ ਵਿਚ ਪਿਰੋ ਦਿੰਦਾ ਹੈ, ਜਿਸ ਨਾਲ ਉਸ ਦੇ ਅੰਦਰ ਸੁਤੇ ਸਿਧ, ਆਪ ਮੁਹਾਰਾ ਹੀ ਸਿਮਰਨ ਚਲ ਪੈਂਦਾ ਹੈ, ਜੋ ਕੁਦਰਤੀ ਚਸ਼ਮੇਂ ਦੇ ਜਲ ਵਾਂਙ ਰੋਕਿਆਂ ਵੀ ਨਹੀਂ ਰੁਕਦਾ - 'ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ॥', ਪੰਨਾ ੧੦੦.

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥**

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥੨॥੨॥੧੧੯॥**

-- ਪਰ ਅਜਿਹਾ ਜਨ, ਪੁਰਖ, ਜੋ ਨਾਮ ਰਸ ਨਾਲ ਲਬਾ-ਲਬ ਹੋਵੇ ਅਤੇ ਜਿਸਨੂੰ ਮੋਹ-ਮਾਇਆ ਦੀ ਖਿਚ ਨਾ ਪਹੁੰਦੀ ਹੋਵੇ, ਤਦ ਹੀ ਮਿਲਦਾ ਹੈ, ਉਸ ਨਾਲ ਮਿਲਾਪ ਤਦ ਹੀ ਹੁੰਦਾ ਹੈ, ਜਦੋਂ ਸਾਡੇ ਪੂਰਬਲੇ ਜਨਮਾਂ ਵਿਚ ਕੀਤੀ ਹੋਈ ਭਗਤੀ ਕਮਾਈ ਰੂਪ, ਅਜਿਹੇ ਬੀਜੇ ਹੋਏ ਅੰਕੁਰ ਫੁਟ ਪੈਣ।

ਸ੍ਰੀ ਗੁਰੂ ਨਾਨਕ ਸਾਹਿਬ ਫੁਰਮਾਣ ਕਰਦੇ ਹਨ ਕਿ ਸਾਧੂ ਦਾ ਸੰਗ ਪੂਰਬਲੇ ਸੰਜੋਗਾਂ ਕਰ ਕੇ ਹੀ ਹੁੰਦਾ ਹੈ - 'ਸਾਧੁ ਮਿਲੈ ਪੂਰਬ ਸੰਜੋਗ॥', ਪੰਨਾ ੧੫੩. ਮਹਾਰਾਜ ਆਸਾ ਕੀ ਵਾਰ ਵਿਚ ਫੁਰਮਾਣ ਕਰਦੇ ਹਨ ਕਿ ਭਗਤ ਜਨਾਂ ਦੇ ਚਰਨਾਂ ਦੀ ਖਾਕ ਜੇ ਕਿਤੇ ਮਿਲ ਜਾਏ ਤਾਂ ਮਸਤਕ ਤੇ ਲਗਾ ਲਈਏ ਪਰ ਇਹ ਮਿਲਦੀ ਪੂਰਬ ਲਿਖੇ ਉਤਮ ਭਾਗਾਂ ਨਾਲ ਹੀ ਹੈ - 'ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥.. ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ॥', ਪੰਨਾ ੪੬੮.

ਪੰਚਮ ਪਾਤਸ਼ਾਹ, ੭੧੭ ਅੰਕ ਤੇ, ਫੁਰਮਾਣ ਕਰਦੇ ਹਨ ਕਿ, ਕਿਉਂਕਿ ਮੇਰੇ ਪੂਰਬਲੇ ਜਨਮਾਂ ਦੇ ਅਜਿਹੇ ਬੀਜੇ ਹੋਏ ਅੰਕੁਰ ਫੁਟ ਪਏ ਹਨ ਜਿਨ੍ਹਾਂ ਸਦਕਾ ਮੈਨੂੰ ਭਗਤ ਜਨ ਦੀ ਸੰਗਤ ਪ੍ਰਾਪਤ ਹੋਈ ਹੈ, ਜਿਸ ਸਦਕਾ ਮੈਂ ਹਰੀ ਪ੍ਰਭੂ ਦਾ ਨਾਮ ਜਪਿਆ ਹੈ ਅਤੇ ਅਨੰਦ ਦੀ ਪ੍ਰਾਪਤੀ ਹੋ ਗਈ ਹੈ - 'ਸਾਧ ਸੰਗਿ ਹਰਿ ਹਰਿ ਨਾਮੁ ਚਿਤਾਰਾ॥ ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ॥' ਅਜਿਹਾ ਹੀ ਫੁਰਮਾਣ, ਮਹਾਰਾਜ ਨੇ, ਪੰਨਾ ੫੪੭ ਤੇ ਵੀ ਕੀਤਾ ਹੈ - 'ਭਜੁ ਸਾਧ ਸੰਗੇ ਮਿਲੇ ਰੰਗੇ ਬਹੁੜਿ ਜੋਨਿ ਨ ਧਾਈਐ॥ ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ॥'

-- ਪੰਜਵੇਂ ਨਾਨਕ ਦਾ ਫੁਰਮਾਣ ਹੈ ਕਿ ਅਜਿਹੇ ਜਨ ਦੇ ਨਾਲ ਮਿਲਾਪ ਹੋਣ ਨਾਲ ਹਰ ਤਰ੍ਹਾਂ ਦਾ ਅਗਿਆਨ ਦਾ ਹਨੇਰਾ ਮਿਟ ਜਾਂਦਾ ਹੈ ਅਤੇ ਕਈ ਜਨਮਾਂ ਤੋਂ ਸੁਤੇ ਲੇਖ ਜਾਗ ਪੈਂਦੇ ਹਨ।੨।੨।੧੧੯।

ਇਥੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਬੇਸ਼ੱਕ ਪੂਰਬਲੀ ਕਮਾਈ ਵੀ ਪਈ ਹੋਵੇ, ਲੇਖ, ਸੰਜੋਗ ਵੀ ਪਏ ਹੋਣ, ਤਾਂ ਵੀ ਜਦੋਂ ਤਕ ਅਜਿਹੇ ਪੁਰਖ ਰਸਿਕ ਬੈਰਾਗੀ ਜਨ ਨਾਲ ਮਿਲਾਪ ਨਹੀਂ ਹੁੰਦਾ,

ਸਾਰੀਆਂ ਕਲਾਂ, ਸੁਤੀਆਂ ਹੀ ਰਹਿੰਦੀਆਂ ਹਨ। ਪ੍ਰਭੂ ਪ੍ਰਾਪਤੀ ਸੰਭਵ ਨਹੀਂ ਹੁੰਦੀ।

ਪੰਜਵੇਂ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਹੇ ਮਾਤਾ ! ਮੈਂ ਸੰਤ ਦੀ ਸੰਗਤਿ ਦੀ ਕਿਰਪਾ ਸਦਕਾ ਜਨਮਾਂ ਜਨਮਾਂ ਦੀ ਸੁਤੀ ਜਾਗ ਪਈ ਹਾਂ ਤਾਂ ਮੈਂ ਪ੍ਰਭੂ ਪਿਆਰੇ ਦੇ ਰੰਗ ਵੇਖ ਕੇ, ਨਾਮ ਦੇ ਖ਼ਜ਼ਾਨੇ ਵਾਲੀ ਬਣ ਗਈ ਹਾਂ - 'ਮਾਈ ਸੰਤ ਸੰਗਿ ਜਾਗੀ॥ ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥' ਪੰਨਾ ੧੧੧੯. ਪਾਤਸ਼ਾਹ, ੧੨੬੭ ਪੰਨੇ ਤੇ, ਵੀ ਬਚਨ ਕਰਦੇ ਹਨ ਕਿ ਕਿ ਸੰਤ ਦੀ ਸੰਗਤ ਨਾਲ ਮੈਨੂੰ ਪ੍ਰਭੂ ਦਾ ਨਾਮ ਚਿੱਤ ਆ ਗਿਆ, ਇੰਞ, ਸੰਤ ਦੀ ਕਿਰਪਾ ਸਦਕਾ ਮੈਂ ਜਨਮਾਂ ਦੀ ਮਾਇਆ ਦੀ ਨੀਂਦਰ ਤੋਂ ਸੁਤੀ ਜਾਗ ਪਈ ਤੇ ਉਨ੍ਹਾਂ ਦੇ ਉਪਦੇਸ਼ ਸੁਣ ਸੁਣ ਕੇ ਮਨ ਨਿਰਮਲ ਹੋ ਗਿਆ ਤੇ ਫ਼ਲਸਰੂਪ, ਨਾਮ ਜਪ ਜਪ ਕੇ ਪ੍ਰਭੂ ਦੇ ਰੰਗ ਵਿਚ ਰੰਗੀ ਗਈ - 'ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ॥ ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ॥'

